# 'SULAN DA SALAN' KAHANI SANGRHI VICH PESH SAMAJ SABHIYACHAR DA AARTHIK PAKH

# 'ਸੂਲਾਂ ਦਾ ਸਾਲਣੁ' ਕਹਾਣੀ ਸੰਗ੍ਰਹਿ ਵਿਚ ਪੇਸ਼ ਸਮਾਜ-ਸਭਿਆਚਾਰ ਦਾ ਆਰਥਿਕ ਪੱਖ

ਸ਼ਾਲੂ ਰਾਣੀ (Shalu Rani) ਡਾ. ਰਮਨਦੀਪ ਕੌਰ (Dr. Ramandeep Kaur)

(ਖੋਜਾਰਥਣ) (ਨਿਗਰਾਨ)

ਪੰਜਾਬੀ ਵਿਭਾਗ

ਗੁਰੂ ਕਾਸ਼ੀ,ਯੂਨੀਵਰਸਿਟੀ ਤਲਵੰਡੀ ਸਾਬੋ (ਪੰਜਾਬ)

Email ID: shallurani.185@gmail.com ਮੋਬਾਈਲ: +91- 73550-56311

**ABSTRACT**

*ਖ਼ਾਲਿਦ ਹੁਸੈਨ ਪੰਜਾਬੀ ਸਾਹਿਤ ਜਗਤ ਦੇ ਪ੍ਰਸਿੱਧ ਹਸਤਾਖਰ ਹਨ। ਪੰਜਾਬੀ ਸਾਹਿਤ ਵਿਚ ਉਸਦੀ ਪਛਾਣ ਇਕ ਕਹਾਣੀਕਾਰ ਵਜੋਂ ਪ੍ਰਪੱਕ ਹੋ ਚੁੱਕੀ ਹੈ। ਉਸ ਦੇ ਕਹਾਣੀ ਸੰਗ੍ਰਹਿ 'ਸੂਲਾਂ ਦਾ ਸਾਲਣੁ' ਵਿੱਚ ਕਸ਼ਮੀਰੀ ਲੋਕਾਂ ਦੇ ਆਰਥਿਕ ਪੱਖ ਦਾ ਭਰਪੂਰ ਵਰਨਣ ਮਿਲਦਾ ਹੈ। ਇਹੀ ਆਰਥਿਕ ਮੰਦਹਾਲੀ ਮਨੁੱਖ ਨੂੰ ਵਿਭਿੰਨ ਕਿਸਮ ਦੇ ਰਾਹ ਚੁਨਣ ਲਈ ਮਜਬੂਰ ਕਰਦੀ ਹੈ। ਇਸ ਤਰ੍ਹਾਂ ਕਿਸੇ ਵੀ ਸਮਾਜ ਦੀ ਆਰਥਿਕ ਸਥਿਤੀ ਉਸ ਸਮਾਜ ਦੇ ਸਮਾਜਿਕ ਤੇ ਰਾਜਸੀ ਆਚਾਰ ਵਿਹਾਰ ਨੂੰ ਨਿਰਧਾਰਿਤ ਕਰਦੀ ਹੈ। ਇਹ ਕਹਾਣੀਆਂ ਉਸ ਸਮੇਂ ਦੇ ਨਾਜ਼ੁਕ ਹਲਾਤਾਂ ਬਾਰੇ ਤੇ ਜੰਮੂ-ਕਸ਼ਮੀਰ ਦੇ ਆਮ ਲੋਕਾਂ ਦੀ ਸਥਿਤੀ ਬਾਰੇ ਮਾਨਸਿਕ ਤੌਰ 'ਤੇ ਸੋਚਣ ਲਈ ਮਜਬੂਰ ਕਰਦੀਆਂ ਹਨ ਅਤੇ ਉਸ ਸਮੇਂ ਦੇ ਕਸ਼ਮੀਰ ਸੰਕਟ ਦੇ ਕਾਰਣ, ਕਸ਼ਮੀਰੀ ਆਮ ਲੋਕਾਈ ਦੀ ਸਥਿਤੀ, ਆਤੰਕਵਾਦ ਦੇ ਕਾਰਣ, ਪੁਲਿਸ ਤੇ ਫ਼ੌਜ ਦੇ ਰੱਵਈਏ ਦੀ ਯਥਾਰਥਕ ਸਥਿਤੀ ਨੂੰ ਬਿਆਨ ਕਰਦੀਆਂ ਹਨ। ਅੰਤ ਵਿਚ ਕਿਹਾ ਜਾ ਸਕਦਾ ਹੈ ਕਹਾਣੀਕਾਰ, ਧਰਮ ਨਿਰਪੱਖ ਮਾਨਵਾਦੀ ਦ੍ਰਿਸ਼ਟੀਕੋਣ ਤੋਂ ਇਤਿਹਾਸ ਦੀ ਬਹੁਤ ਵੱਡੀ ਤ੍ਰਾਸਦੀ ਨੂੰ ਪੇਸ਼ ਕਰਦਾ ਹੈ। ਵੱਖ-ਵੱਖ ਕਹਾਣੀਆਂ ਰਾਹੀਂ ਕਹਾਣੀਕਾਰ ਦੇਸ਼ ਵੰਡ ਨਾਲ ਜੁੜੇ ਤਿੰਨ ਵੱਡੇ ਮਸਲੇ- ਉਜਾੜਾ, ਹਿੰਸਾ ਤੇ ਪੁਨਰਵਾਸ ਨੂੰ ਬਿਆਨ ਕਰਦੇ ਹੋਏ ਮਨੁੱਖ ਦੁਆਰਾ ਹੀ ਦੂਜੇ ਮਨੁੱਖ 'ਤੇ ਢਾਏ ਅਣ-ਮਨੁੱਖੀ ਵਿਵਹਾਰ ਦੀਆਂ ਸ਼ਰਮਨਾਕ ਵਾਰਦਾਤਾਂ ਨੂੰ ਪੇਸ਼ ਕਰਦਾ ਹੈ।*

***ਕੀਵਰਡ : ਖ਼ਾਲਿਦ ਹੁਸੈਨ, ਕਹਾਣੀ, ਸੂਲਾਂ ਦਾ ਸਾਲਣੁ ਸਮਾਜ-ਸਭਿਆਚਾਰ, ਆਰਥਿਕ।***

ਖ਼ਾਲਿਦ ਹੁਸੈਨ ਪੰਜਾਬੀ ਸਾਹਿਤ ਜਗਤ ਦੇ ਪ੍ਰਸਿੱਧ ਹਸਤਾਖਰ ਹਨ। ਪੰਜਾਬੀ ਸਾਹਿਤ ਵਿਚ ਉਸਦੀ ਪਛਾਣ ਇਕ ਕਹਾਣੀਕਾਰ ਵਜੋਂ ਪ੍ਰਪੱਕ ਹੋ ਚੁੱਕੀ ਹੈ। ਉਸਨੇ ਹੁਣ ਤੱਕ ਪੰਜ ਕਹਾਣੀ ਸੰਗ੍ਰਹਿ (ਜਿਹਲਮ ਵਗਦਾ ਰਿਹਾ, ਗੋਰੀ ਫ਼ਸਲ ਦੇ ਸੌਦਾਗਰ, ਡੂੰਘੇ ਪਾਣੀਆਂ ਦਾ ਦੁੱਖ, ਬਲਦੀ ਬਰਫ਼ ਦਾ ਸੇਕ ਅਤੇ ਸੂਲਾਂ ਦਾ ਸਾਲਣੁ) ਇਕ ਨਾਵਲਿਟ (ਗੁਆਚੀ ਝਾਂਜਰ ਦੀ ਚੀਖ਼) ਅਤੇ ਸਵੈ ਜੀਵਨੀ (ਮਾਟੀ ਕੁਦਮ ਕਰੇਂਦੀ ਯਾਰ) ਦੀ ਰਚਨਾ ਕੀਤੀ। ਇਸਤੋਂ ਇਲਾਵਾ ਉਸਨੇ ਉਰਦੂ ਜ਼ਬਾਨ ਵਿਚ ਤਿੰਨ ਕਹਾਣੀ ਸੰਗ੍ਰਹਿ (ਠੰਡੀ ਕਾਂਗੜੀ ਦਾ ਧੂੰਆਂ, ਇਸ਼ਤਿਹਾਰੋਂ ਵਾਲੀ ਹਵੇਲੀ ਅਤੇ ਸਤੀ ਸਰ ਕਾ ਸੂਰਜ) ਪ੍ਰਕਾਸ਼ਿਤ ਕਰਵਾਏ।

ਖ਼ਾਲਿਦ ਹੁਸੈਨ ਦਾ ਜਨਮ 1 ਅਪ੍ਰੈਲ 1945 ਈਸਵੀ ਨੂੰ ਉਧਮਪੁਰ (ਜੰਮੂ) ਵਿਖੇ ਹੋਇਆ। ਉਸਦੇ ਜੀਵਨ ਵਿਚ ਅਨੇਕਾਂ ਘਟਨਾਵਾਂ ਘਟੀਆਂ ਜਿਨ੍ਹਾਂ ਦਾ ਪ੍ਰਭਾਵ ਉਸਦੀ ਸਾਹਿਤ ਸਿਰਜਣਾ ਉਪਰ ਪਿਆ ਪਰ 1947 ਈਸਵੀ ਦੀ ਭਾਰਤ ਪਾਕਿ ਵੰਡ ਅਤੇ ਰਾਜਸੀ-ਧਾਰਮਿਕ ਫਸਾਦਾਂ ਕਾਰਨ ਉਸਦੇ ਪਰਿਵਾਰ ਦੇ ਨੌ ਮੈਂਬਰ ਮਾਰੇ ਗਏ ਸਨ। ਇਸਦੇ ਬਾਵਜੂਦ ਵੀ ਉਸਨੇ ਮਿਹਨਤ ਸਦਕਾ ਆਈ.ਏ.ਐੱਸ. ਅਫਸਰ ਦੇ ਵੱਕਾਰੀ ਪਦ ਤੇ ਕੰਮ ਕੀਤਾ, ਉਹ ਹਿੰਦੀ, ਗੋਜਰੀ, ਪਹਾੜੀ, ਕਸ਼ਮੀਰੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਤਾ ਹੈ। ਪੰਜਾਬੀ ਸਾਹਿਤ ਵਿਚ ਉਸਦੀ ਵਿਸ਼ੇਸ਼ ਪਛਾਣ ਹੈ, ਉਸਦੀ ਉੱਚ ਕੋਟੀ ਦੀ ਕਹਾਣੀ ਕਲਾ ਅਤੇ ਸਮਾਜ ਦੇ ਵਿਭਿੰਨ ਪੱਖਾਂ ਦੀ ਡੂੰਘੀ ਜਾਣਕਾਰੀ ਨੂੰ ਚਿਤਰਤ ਕਰਨ ਦੀ ਕਲਾ ਕਾਰਨ ਹੀ ਉਸਦੇ ਕਹਾਣੀ ਸੰਗ੍ਰਹਿ 'ਸੂਲਾਂ ਦਾ ਸਾਲਣੁ' ਨੂੰ 2021 ਈਸਵੀ ਵਿੱਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਹੱਥਲੇ ਪੇਪਰ ਵਿਚ ਖ਼ਾਲਿਦ ਹੁਸੈਨ ਰਚਿਤ 'ਸੂਲਾਂ ਦਾ ਸਾਲਣੁ' ਕਹਾਣੀ ਸੰਗ੍ਰਹਿ ਦੇ ਸਮਾਜ ਸਭਿਆਚਾਰ ਦੇ ਆਰਥਿਕ ਪੱਖ ਨੂੰ ਪ੍ਰਸਤੁਤ ਕਰਨਾ ਹੈ। ਖ਼ਾਲਿਦ ਹੁਸੈਨ ਜੰਮੂ ਕਸ਼ਮੀਰ ਵਿਖੇ ਪੈਦਾ ਹੋਇਆ ਡੋਗਰੀ ਸਭਿਆਚਾਰ ਨਾਲ ਸੰਬੰਧ ਰੱਖਣ ਵਾਲਾ ਪੰਜਾਬੀ ਕਹਾਣੀਕਾਰ ਹੈ। ਉਸਦੀ ਕਹਾਣੀ ਸਿਰਜਣਾ ਦਾ ਸ੍ਰੋਤ ਉਹ ਸਮੁੱਚਾ ਅਨੁਭਵ ਹੈ ਜਿਸਨੂੰ ਉਸਨੇ ਅੱਖੀਂ ਦੇਖਿਆ ਅਤੇ ਹੱਡੀਂ ਹੰਢਾਇਆ ਹੋਇਆ ਹੈ। ਵਿਚਾਰਾਧੀਨ ਕਹਾਣੀ ਸੰਗ੍ਰਹਿ ਵਿਚ ਖ਼ਾਲਿਦ ਹੁਸੈਨ ਨੇ ਕਸ਼ਮੀਰ ਸੰਕਟ ਨੂੰ ਰਾਜਸੀ ਪੱਖ ਤੋਂ ਪੇਸ਼ ਕੀਤਾ ਹੈ,

ਇਸ ਤੋਂ ਇਲਾਵਾ ਰੋਜ਼ਾਨਾ ਜੀਵਨ ਵਿਚ ਪੇਸ਼ ਮਨੁੱਖੀ ਕਦਰਾਂ ਕੀਮਤਾਂ ਵਿਚ ਉਤਪੰਨ ਹੋਈ ਗਿਰਾਵਟ, ਭਾਈਚਾਰਕ ਸਾਂਝ ਵਿਚ ਫੁੱਟ ਨੂੰ ਇਸ ਕਹਾਣੀ ਸੰਗ੍ਰਹਿ ਵਿਚੋਂ ਵੇਖਿਆ ਜਾ ਸਕਦਾ ਹੈ। ਉਸਦੀ ਕਹਾਣੀ ਵਿਚ ਆਰਥਿਕ, ਸਮਾਜਿਕ, ਰਾਜਨੀਤਕ ਪ੍ਰਸਥਿਤੀਆਂ ਕਾਰਨ ਪੈਦਾ ਹੋਏ ਗਹਿਰੇ ਸੰਤਾਪ ਨੂੰ ਪੇਸ਼ ਕੀਤਾ ਹੈ।

ਖ਼ਾਲਿਦ ਹੁਸੈਨ ਦੀ ਕਹਾਣੀਆਂ ਵਿਚ ਕਸ਼ਮੀਰੀ ਸਮਾਜ ਨਾਲ ਜੁੜੇ ਲੋਕਾਂ ਦੇ ਆਰਥਿਕ ਵਸੀਲਿਆਂ, ਵਿਸ਼ੇਸ਼ਕਰ ਉਨ੍ਹਾਂ ਦੇ ਕੰਮ-ਧੰਦੇ, ਉਨ੍ਹਾਂ ਦੇ ਸਾਧਨ/ਪੂੰਜੀ ਜਟਾਉਣ ਦੇ ਢੰਗਾਂ ਨੂੰ ਸਫਲਤਾਪੂਰਵਕ ਪੇਸ਼ ਕੀਤਾ ਹੈ। 'ਇਸ਼ਕ ਮਲੰਗੀ' ਕਹਾਣੀ ਵਿਚ ਮੁੱਖ ਰੂਪ ਵਿਚ ਤਿੰਨ ਪਾਤਰ ਕਾਰਜਸ਼ੀਲ ਹਨ। 'ਗਾਮੀ' ਦਾ ਮੁੱਖ ਧੰਦਾ 'ਨਾਈ' ਅਤੇ ਸਹਾਇਕ ਧੰਦਾ 'ਬਾਂਦਰ ਵੇਚਣਾ' ਹੈ, ਉਸ ਤੋਂ ਕੋਈ ਨਾ ਕੋਈ ਮਦਾਰੀ ਬਾਂਦਰ ਖਰੀਦ ਕੇ ਲੈ ਜਾਂਦਾ ਹੈ। ਕਾਲੇ ਖਾਨ ਦਾ ਮੁੱਖ ਧੰਦਾ ਟਾਂਗਾ ਚਲਾਉਣਾ ਅਤੇ ਫਿਰੋਜਾ ਇਕ ਕੋਠੇ ਦੀ ਸੰਚਾਲਕ ਹੈ ਜਿਸ ਕੋਲ ਵੱਡੇ ਵੱਡੇ ਰਈਸ, ਜਗੀਰਦਾਰ ਆਪਣੀ ਦੌਲਤ ਲੁਟਾਉਣ ਆਉਂਦੇ ਹਨ। ਕਹਾਣੀਕਾਰ ਨੇ ਇਸ ਕਹਾਣੀ ਵਿਚ ਭਾਰਤ ਪਾਕਿ ਵੰਡ ਤੋਂ ਪਹਿਲਾਂ ਅਤੇ ਰਾਜਸੀ ਉੱਥਲ ਪੁੱਥਲ ਉਪਰੰਤ ਲੋਕਾਂ ਦੀ ਆਰਥਿਕ ਸਥਿਤੀ ਨੂੰ ਪੇਸ਼ ਕੀਤਾ ਹੈ। 1947 ਦੀ ਵੰਡ ਹੋਣ ਕਾਰਨ ਗਾਮੀ ਨੇ ਫਿਰ ਤੋਂ ਆਪਣਾ ਕੰਮ ਜਾਰੀ ਰੱਖਿਆ ਅਤੇ ਫਿਰੋਜਾ ਦਾ ਕੋਈ ਅਤਾ-ਪਤਾ ਨਹੀਂ ਚੱਲਿਆ,ਕਾਲੇ ਖਾਨ ਦੇ ਆਰਥਿਕ ਸਾਧਨ ਤਬਾਹ ਹੋਣ ਕਾਰਨ ਉਸਦੀ ਸਥਿਤੀ ਤਰਸਯੋਗ ਹੋ ਗਈ। ਭਾਰਤ ਪਾਕਿ ਵੰਡ ਕਾਰਨ ਕਾਲੇ ਖਾਂ ਸਮੇਤ ਅਨੇਕਾਂ ਲੋਕਾਂ ਦੇ ਰੁਜ਼ਗਾਰ ਖਤਮ ਹੋ ਗਏ ਜਾਂ ਬਦਲ ਗਏ, ਕਾਲੇ ਖਾਨ ਹੁਣ ਪੱਥਰ ਤੋੜਨ ਦੇ ਕੰਮ ਵਿੱਚ ਜੁਟ ਗਿਆ ਸੀ। ਇਸ ਤਰ੍ਹਾਂ 'ਲਕੀਰ' ਕਹਾਣੀ ਵਿਚ 'ਮੈਂ ਪਾਤਰ' ਸਰਕਾਰੀ ਕਰਮਚਾਰੀ ਹੈ, ਸਜਾਵਲ ਕਿਸੇ ਅਮੀਰ ਅਲੰਬਰਦਾਰ ਦੇ ਘਰ ਨੌਕਰੀ ਕਰਦਾ ਹੈ ਇਸ ਤੋਂ ਇਲਾਵਾ ਉਹ ਘਰਾਟ ਚਲਾਉਣ ਦੇ ਰੁਜ਼ਗਾਰ ਨਾਲ ਸੰਬੰਧਤ ਹੈ।

*"ਮੈਂ ਸਾਜ ਨਦੀ 'ਤੇ ਹੀ ਆਪਣਾ ਘਰਾਟ ਬਣਾਇਆ ਅਤੇ ਕਣਕ ਤੇ ਕੁਕੜੀਆਂ (ਮੱਕਾ) ਪੀਹ-ਪੀਹ ਕੇ ਨਾਲੇ ਆਟਾ ਵੇਚ-ਵੇਚ ਕੇ ਰਿਜ਼ਕ ਕਮਾਣ ਲੱਗਾ।"* [1]

ਮਨੁੱਖ ਅੰਦਰ ਲੁਕਿਆ ਮਨੁੱਖ ਦਾ ਜ਼ਮੀਰ ਅਹਿਮਦ ਇਕ ਸਰਕਾਰੀ ਅਫਸਰ ਹੈ ਅਤੇ ਤੇਜ ਰਾਮ ਉਸਦਾ ਡਰਾਇਵਰ ਹੈ, 'ਜਿਉਂਦੀਆਂ ਅੱਖਾਂ ਦੀ ਦਾਸਤਾਨ' ਅਤੇ 'ਸੂਲਾਂ ਭਰੇ ਪੈਂਡ' ਕਹਾਣੀ ਕਸ਼ਮੀਰ ਵਿਚ ਵਿਭਿੰਨ ਕਿਸਮ ਦੀਆਂ ਆਰਥਿਕ ਸਮੱਸਿਆਵਾਂ ਨੂੰ ਪੇਸ਼ ਕਰਦੀਆਂ ਕਹਾਣੀਆਂ ਹਨ। 'ਜਿਉਂਦੀਆਂ ਅੱਖਾਂ ਦੀ ਦਾਸਤਾਨ' ਵਿਚ ਰਾਜਨਾਥ ਦੀ ਹੱਤਿਆ ਦਾ ਕਾਰਨ ਇਕ ਜਮੀਨੀ ਝਗੜਾ ਹੈ, ਕਹਾਣੀ ਵਿਚੋਂ ਅਮੀਰ ਧਿਰ ਗਰੀਬ ਧਿਰਾਂ ਦੇ ਸਾਧਨਾਂ ਨੂੰ ਹੜੱਪਣ ਦੀ ਕੋਸ਼ਿਸ਼ ਕਰਦੇ ਹਨ ਇਸਦੇ ਕਾਰਨ ਹੀ ਇਨ੍ਹਾਂ ਗਰੀਬਾਂ ਨੂੰ ਆਪਣੇ ਆਰਥਿਕ ਵਸੀਲੇ ਬਚਾਉਣ ਲਈ ਆਪਣੀ ਜਾਨ ਗੁਆਉਣੀ ਪੈਂਦੀ ਹੈ। ਦੂਜੇ ਪਾਸੇ 'ਸੂਲਾਂ ਭਰੇ ਪੈਂਡੇ' ਕਹਾਣੀ ਵਿਚ ਬੁੱਢੀ ਮਾਈ ਦਾ ਪੁੱਤਰ ਰੁਜ਼ਗਾਰ ਲਈ ਕਸ਼ਮੀਰ ਤੋਂ ਬਾਹਰ ਪੰਜਾਬ ਗਿਆ ਹੋਇਆ ਹੈ, ਇਸ ਤਰ੍ਹਾਂ ਕਸ਼ਮੀਰ ਦੇ ਲੋਕ ਵੀ ਕਰਜੇ ਦੀ ਸਮੱਸਿਆ ਅਤੇ ਬੇਰੁਜ਼ਗਾਰੀ ਨਾਲ ਜੂਝਦੇ ਨਜ਼ਰ ਆਉਂਦੇ ਹਨ। 'ਜਿੰਨਾ ਖਾਧੀ ਚੋਪੜੀ' ਕਹਾਣੀ ਵਿਚ ਜਗਤ ਚੌਧਰੀ ਦਾ ਧੰਦਾ ਲੋਕਾਂ ਦੀ ਲੁੱਟ ਖਸੁੱਟ ਕਰਨੀ ਹੈ। ਇਸ ਤਰ੍ਹਾਂ ਉਹ ਲੁੱਟ ਖੋਹ ਕਰਕੇ ਸਾਧਨ ਜੁਟਾਉਂਦਾ ਹੈ। 'ਇਕ ਮਰੇ ਬੰਦੇ ਦੀ ਕਹਾਣੀ' ਵਿਚ ਮੰਜੂਰ ਘਰਾਟ ਚਲਾਉਣ ਦੇ ਨਾਲ ਨਾਲ ਪੰਚਾਇਤੀ ਕੰਮ ਕਾਜ ਵੀ ਕਰਦਾ ਹੈ ਪਰ ਉਹ ਰਾਜਸੀ, ਪ੍ਰਸ਼ਾਸਨਿਕ ਅਧਿਕਾਰੀਆਂ ਦੇ ਵਿਹਾਰ ਤੋਂ ਤੰਗ ਆ ਕੇ ਆਤੰਕਵਾਦੀਆਂ ਨਾਲ ਜਾ ਰਲਦਾ ਹੈ ਅਤੇ ਮੌਤ ਹਾਸਲ ਕਰਦਾ ਹੈ। 'ਰੂਹ ਤੇ ਕਲਬੂਤ' ਕਹਾਣੀ ਦਾ ਗਨੀਆ ਜਿਸਦੀ ਪਤਨੀ ਕਿਸੇ ਹੋਰ ਨਾਲ ਸੰਬੰਧ ਸਥਾਪਿਤ ਕਰਕੇ ਉਸਨੂੰ ਮਾਰ ਦਿੰਦੇ ਹਨ, ਉਹ ਆਪਣੀ ਗ੍ਰਹਿਸਥੀ ਬਾਰੇ ਦੱਸਦਾ ਹੋਇਆ ਕਹਿੰਦਾ ਹੈ,

*"ਮੈਂ ਇਕ ਗਰੀਬ ਕਿਸਾਨ ਹਾਂ, ਇਹ ਜਿਹੜੀ ਤੂੰ ਸੁਆਣੀ ਇੱਥੇ ਵੇਖੀ ਏ ਇਹ ਪਹਿਲਾਂ ਮੇਰੀ ਬੀਵੀ ਹੁੰਦੀ ਸੀ। ਸਾਡਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ। ਘਰ ਗ੍ਰਹਿਸਤੀ ਨੂੰ ਚਲਾਣ ਲਈ ਮੈਨੂੰ ਘਰੋਂ ਬਾਹਰ ਜਾਣਾ ਪੈਂਦਾ ਸੀ ਤੇ ਲੰਮੀ ਲੰਮੀ ਗੈਰਹਾਜ਼ਰੀ ਹੀ ਮੇਰੀ ਮੌਤ ਦਾ ਕਾਰਣ ਬਣੀ।"* [2]

ਇਸ ਤਰ੍ਹਾਂ ਉਕਤ ਅਧਿਐਨ ਤੋਂ ਪਤਾ ਲਗਦਾ ਹੈ ਕਿ 'ਸੂਲਾਂ ਦਾ ਸਾਲਣੁ' ਕਹਾਣੀ ਸੰਗ੍ਰਹਿ ਵਿਚ ਕਸ਼ਮੀਰ ਵਿਚ ਵਸਦੇ ਲੋਕਾਂ ਦੇ ਆਰਥਿਕ ਵਸੀਲਿਆਂ ਨੂੰ ਪੇਸ਼ ਕਰਦਿਆਂ ਨਿਮਨ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ।

1. ਕਸ਼ਮੀਰੀ ਲੋਕਾਂ ਕੋਲ ਕੋਈ ਵੀ ਸਥਾਈ ਕੰਮ ਨਹੀਂ ਹੈ, ਅਰਥਾਤ ਉਹ ਇਕ ਕੰਮ ਦੇ ਨਾਲ ਨਾਲ ਹੋਰਨਾ ਸਹਾਇਕ ਧੰਦਿਆਂ ਨੂੰ ਅਪਣਾ ਕੇ ਆਪਣੀ ਗ੍ਰਹਿਸਥੀ ਚਲਾਉਂਦੇ ਹਨ।
2. ਕਹਾਣੀ ਸੰਗ੍ਰਹਿ ਵਿਚੋਂ ਇਹ ਵੀ ਪਤਾ ਚੱਲਦਾ ਹੈ ਕਿ ਕਸ਼ਮੀਰੀ ਲੋਕਾਂ ਦੇ ਆਰਥਿਕ ਵਸੀਲਿਆਂ ਨੂੰ ਸਭ ਤੋਂ ਵੱਧ 1947 ਦੀ ਭਾਰਤ ਪਾਕਿ ਵੰਡ ਨੇ ਪ੍ਰਭਾਵਿਤ ਕੀਤਾ। ਇਸ ਰਾਜਸੀ ਅਸਥਿਰਤਾ ਨੇ ਕਈ ਲੋਕਾਂ ਦੇ

ਛੋਟੇ ਮੋਟੇ ਰੁਜ਼ਗਾਰ ਖਤਮ ਕਰ ਦਿੱਤੇ, ਜਿਸ ਕਾਰਨ ਲੋਕਾਂ ਦੀ ਆਰਥਿਕ ਸਥਿਤੀ ਹੋਰ ਵੀ ਮੰਦੀ ਹੋ ਗਈ।

3. ਕਸ਼ਮੀਰ ਦੇ ਲੋਕਾਂ ਵਿਚ ਆਰਥਿਕ ਵਸੀਲਿਆਂ ਦੀ ਘਾਟ ਹੋਣ ਕਾਰਨ ਉਨ੍ਹਾਂ ਨੂੰ ਵਿਆਹ ਅਤੇ ਹੋਰਨਾਂ ਕੰਮਾਂ ਨੂੰ ਪੂਰਾ ਕਰਨ ਲਈ ਸ਼ਾਹੂਕਾਰਾਂ ਤੋਂ ਕਰਜ਼ਾ ਲੈਣਾ ਪੈਂਦਾ ਹੈ। ਕਈ ਵਾਰ ਗਰੀਬ ਕਿਸਾਨ ਸੂਬੇ ਤੋਂ ਬਾਹਰ ਜਾ ਕੇ/ਪ੍ਰਵਾਸ ਧਾਰਨ ਕਰਕੇ ਵੀ ਆਪਣੀ ਜੀਵਿਕਾ ਚਲਾਉਂਦੇ ਹਨ। ਉਨ੍ਹਾਂ ਦੇ ਪ੍ਰਵਾਸ ਧਾਰਨ ਉਪਰੰਤ ਘਰਾਂ ਵਿਚ ਹੋਰ ਤਰ੍ਹਾਂ ਦੀਆਂ ਸਮਾਜਿਕ ਸਮੱਸਿਆਵਾਂ ਵੀ ਉਤਪੰਨ ਹੋ ਜਾਂਦੀਆਂ ਹਨ, ਜਿਨ੍ਹਾਂ ਬਾਰੇ ਸਮਾਜਿਕ ਅਤੇ ਰਾਜਨੀਤਕ ਪੱਖ ਤੋਂ ਚਰਚਾ ਕੀਤੀ ਗਈ ਹੈ।
4. ਕਸ਼ਮੀਰ ਦੀਆਂ ਕਈ ਔਰਤਾਂ ਨੇ ਆਰਥਿਕ ਸਾਧਨ ਜੁਟਾਉਣ ਲਈ ਵੇਸਵਾ/ਰਖੈਲਾਂ ਦਾ ਧੰਦਾ ਚੁਣਿਆ ਹੋਇਆ ਹੈ।
5. ਕਸ਼ਮੀਰੀ ਲੋਕ ਸਰਕਾਰੀ ਸੇਵਾਵਾਂ ਵਿਚ ਵੀ ਆਪਣਾ ਯੋਗਦਾਨ ਪਾਉਂਦੇ ਹਨ, ਉਹ ਵਿਭਿੰਨ ਕਿਸਮ ਦੇ ਸਰਕਾਰੀ ਅਦਾਰਿਆਂ ਵਿਚ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਪਰ ਇਨ੍ਹਾਂ ਵਿਚੋਂ ਬਹੁਤੇ ਭ੍ਰਿਸ਼ਟਾਚਾਰ ਨੂੰ ਪ੍ਰੋਤਸਾਹਿਤ ਕਰਦੇ ਹਨ।

ਇਸ ਤਰ੍ਹਾਂ ਹੱਥਲੇ ਕਹਾਣੀ ਸੰਗ੍ਰਹਿ ਤੋਂ ਕਸ਼ਮੀਰੀ ਲੋਕਾਂ ਦੇ ਆਰਥਿਕ ਪੱਖ ਦਾ ਭਰਪੂਰ ਵਰਨਣ ਮਿਲਦਾ ਹੈ। ਇਹੀ ਆਰਥਿਕ ਮੰਦਹਾਲੀ ਮਨੁੱਖ ਨੂੰ ਵਿਭਿੰਨ ਕਿਸਮ ਦੇ ਰਾਹ ਚੁਨਣ ਲਈ ਮਜਬੂਰ ਕਰਦੀ ਹੈ। ਇਸ ਤਰ੍ਹਾਂ ਕਿਸੇ ਵੀ ਸਮਾਜ ਦੀ ਆਰਥਿਕ ਸਥਿਤੀ ਉਸ ਸਮਾਜ ਦੇ ਸਮਾਜਿਕ ਤੇ ਰਾਜਸੀ ਆਚਾਰ ਵਿਹਾਰ ਨੂੰ ਨਿਰਧਾਰਿਤ ਕਰਦੀ ਹੈ। ਇਹ ਕਹਾਣੀਆਂ ਉਸ ਸਮੇਂ ਦੇ ਨਾਜ਼ੁਕ ਹਲਾਤਾਂ ਬਾਰੇ ਤੇ ਜੰਮੂ-ਕਸ਼ਮੀਰ ਦੇ ਆਮ ਲੋਕਾਂ ਦੀ ਸਥਿਤੀ ਬਾਰੇ ਮਾਨਸਿਕ ਤੌਰ 'ਤੇ ਸੋਚਣ ਲਈ ਮਜਬੂਰ ਕਰਦੀਆਂ ਹਨ ਅਤੇ ਉਸ ਸਮੇਂ ਦੇ ਕਸ਼ਮੀਰ ਸੰਕਟ ਦੇ ਕਾਰਣ, ਕਸ਼ਮੀਰੀ ਆਮ ਲੋਕਾਈ ਦੀ ਸਥਿਤੀ, ਆਤੰਕਵਾਦ ਦੇ ਕਾਰਣ, ਪੁਲਿਸ ਤੇ ਫ਼ੌਜ ਦੇ ਰੱਵਈਏ ਦੀ ਯਥਾਰਥਕ ਸਥਿਤੀ ਨੂੰ ਬਿਆਨ ਕਰਦੀਆਂ ਹਨ। ਅੰਤ ਵਿਚ ਕਿਹਾ ਜਾ ਸਕਦਾ ਹੈ ਕਹਾਣੀਕਾਰ, ਧਰਮ ਨਿਰਪੱਖ ਮਾਨਵਾਦੀ ਦ੍ਰਿਸ਼ਟੀਕੋਣ ਤੋਂ ਇਤਿਹਾਸ ਦੀ ਬਹੁਤ ਵੱਡੀ ਤ੍ਰਾਸਦੀ ਨੂੰ ਪੇਸ਼ ਕਰਦਾ ਹੈ। ਵੱਖ-ਵੱਖ ਕਹਾਣੀਆਂ ਰਾਹੀਂ ਕਹਾਣੀਕਾਰ ਦੇਸ਼ ਵੰਡ ਨਾਲ ਜੁੜੇ ਤਿੰਨ ਵੱਡੇ ਮਸਲੇ- ਉਜਾੜਾ, ਹਿੰਸਾ ਤੇ ਪੁਨਰਵਾਸ ਨੂੰ ਬਿਆਨ ਕਰਦੇ ਹੋਏ ਮਨੁੱਖ ਦੁਆਰਾ ਹੀ ਦੂਜੇ ਮੁਨੱਖ 'ਤੇ ਢਾਏ ਅਣ-ਮਨੁੱਖੀ ਵਿਵਹਾਰ ਦੀਆਂ ਸ਼ਰਮਨਾਕ ਵਾਰਦਾਤਾਂ ਨੂੰ ਪੇਸ਼ ਕਰਦਾ ਹੈ। ਲੋਕਾਂ ਦੁਆਰਾ ਭੋਗਿਆ ਸੰਤਾਪ, ਹਾਕਮ ਜਮਾਤ ਵਲੋਂ ਦਿੱਤੇ ਤਸੀਹੇ, ਉਸ ਸਮੇਂ ਦੇ ਰਾਜਨੀਤਕ-ਆਰਥਿਕ ਹਾਲਾਤ ਅਤੇ ਲੋਕਾਂ ਦੀਆਂ ਮਜਬੂਰੀਆਂ, ਭਾਈਚਾਰਾ, ਨਫ਼ਰਤ, ਮੁਹੱਬਤ, ਮਨੁੱਖੀ ਹਮਦਰਦੀ ਨੂੰ ਖ਼ਾਲਿਦ ਹੁਸੈਨ ਨੇ ਸਾਡੇ ਸਾਹਮਣੇ ਲਿਆਂਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਖ਼ਾਲਿਦ ਹੁਸੈਨ, ਸੂਲਾਂ ਦਾ ਸਾਲਣੁ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ : 43*
2. *ਉਹੀ, ਪੰਨਾ : 111-112.*